ਨੰ: 26/12/94-5ਸਿ2/ 434

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ - 2 ਸਾਖਾ)

ਮਿਤੀ, ਚੰਡੀਗੜ੍ਹ: 22.5.2013

## ਅਧਿਸੂਚਨਾਂ

ਵਿਸਾ:- ਪੀ.ਸੀ.ਐਮ.ਐਸ./ਪੀ.ਸੀ.ਐਮ.ਐਸ. (ਡੈਂਟਲ) ਮੈਡੀਕਲ ਅਫਸਰਾਂ ਨੂੰ ਪੋਸਟ ਗਰੇਜੂਏਟ (ਡਿਪਲੋਮਾ/ਡਿਗਰੀ ਕੋਰਸ) ਕਰਨ ਲਈ ਐਨ.ਓ.ਸੀ. ਦੇਣ ਬਾਰੇ।

***

ਵਿਸੇ ਸਬੰਧੀ ਸਰਕਾਰ ਦੀਆਂ ਪਾਲਿਸੀ ਹਦਾਇਤਾਂ ਨੰ: 26/12/94-5ਸਿ2/126-128, ਮਿਤੀ 8/11-1-2010 ਅਤੇ ਇਨ੍ਹਾਂ ਵਿਚ ਕੀਤੀ ਗਈ ਅੰਸਿਕ ਸੋਧ ਪੱਤਰ ਨੰ: 26/12/94-5ਸਿ2/4457-59, ਮਿਤੀ 17.7.2012, ਪੱਤਰ ਨੰ: 26/12/94-5ਸਿ2/196-99, ਮਿਤੀ 23.4.2013 ਅਤੇ ਪੱਤਰ ਨੰ: 26/12/94-5ਸਿ2/375-77, ਮਿਤੀ 20.5.2013 ਅਨੁਸਾਰ ਇਤਰਾਜਹੀਣਤਾ ਸਰਟੀਫਿਕੇਟ (ਐਨ.ਓ.ਸੀ.) ਸਬੰਧੀ ਹੇਠ ਲਿਖੇ ਅਨੁਸਾਰ ਜਾਰੀ ਕੀਤਾ ਜਾਵੇਗਾ:-

1. ਉਹ ਮੈਡੀਕਲ ਅਫਸਰ, ਜਿਨ੍ਹਾਂ ਦਾ ਪਰਖ ਕਾਲ ਸਮਾਂ ਪਾਰ ਹੈ ਅਤੇ ਉਨ੍ਹਾਂ ਵਿਰੁੱਧ ਵਿਭਾਗੀ/ਪੜਤਾਲ ਆਦਿ ਲੰਬਿਤ ਨਹੀ ਹੈ ਅਤੇ ਮੁਸਕਲ ਰੂਰਲ ਏਰੀਏ ਦੀ 4 ਸਾਲ ਜਾਂ ਅਦਰ ਰੂਰਲ ਏਰੀਏ ਦੀ 6 ਸਾਲ ਜਾਂ ਦੋਨਾਂ ਦਾ ਐਪ੍ਰੋਪ੍ਰੀਏਟ ਕੰਬੀਨੇਸਨ (appropriate combination) ਦੀ ਸੇਵਾ ਕੀਤੀ ਹੋਈ ਹੈ, ਉਹ ਮੈਡੀਕਲ ਅਫਸਰ 60% ਕੋਟੇ ਲਈ ਯੋਗਤਾ ਰੱਖਦੇ ਹਨ। ਇਨਾਂ ਮੈਡੀਕਲ ਅਫਸਰ ਦੀ ਚੋਣ ਹੋਣ ਤੇ ਕੋਰਸ ਕਰਨ ਤੋਂ ਬਾਅਦ ਸਰਕਾਰੀ ਸੇਵਾ ਕਰਨ ਲਈ ਹੇਠ ਲਿਖੇ ਅਨੁਸਾਰ ਬਾਂਡ ਭਰਨਾ ਪਵੇਗਾ:-

| | ਕੋਰਸ ਦਾ ਨਾਂ | ਬਾਂਡ ਮਨੀ | ਸਮਾਂ |
|---|---|---|---|
| 1. | ਪੀ.ਜੀ. ਡਿਪਲੋਮਾ ਕੋਰਸ | 12 ਲੱਖ ਰੁਪਏ | 6 ਸਾਲ |
| 2. | ਪੀ.ਜੀ. ਡਿਗਰੀ ਕੋਰਸ | 20 ਲੱਖ ਰੁਪਏ | 10 ਸਾਲ |

2. ਉਹ ਮੈਡੀਕਲ ਅਫਸਰ, ਜਿਨ੍ਹਾਂ ਦਾ ਪਰਖ ਕਾਲ ਸਮਾਂ ਪਾਰ ਹੈ ਅਤੇ ਉਨ੍ਹਾਂ ਵਿਰੁੱਧ ਵਿਭਾਗੀ/ਪੜਤਾਲ ਆਦਿ ਲੰਬਿਤ ਨਹੀ ਹੈ ਪ੍ਰੰਤੂ ਮੁਸਕਲ ਰੂਰਲ ਏਰੀਆਂ ਦੀ 4 ਸਾਲ ਜਾਂ ਅਦਰ ਰੂਰਲ ਏਰੀਏ ਦੀ 6 ਸਾਲ ਦੀ ਸੇਵਾ ਨਹੀ ਕੀਤੀ ਹੋਈ, ਉਹ ਮੈਡੀਕਲ ਅਫਸਰ 40% ਕੋਟੇ ਲਈ ਯੋਗਤਾ ਰੱਖਦੇ ਹਨ। ਉਨ੍ਹਾਂ ਮੈਡੀਕਲ ਅਫਸਰਾਂ ਨੂੰ ਕੋਰਸ ਕਰਨ ਲਈ ਬਣਦੀ ਛੁੱਟੀ ਦਿੱਤੀ ਜਾਵੇਗੀ। ਇਨਾਂ ਮੈਡੀਕਲ ਅਫਸਰ ਦੀ ਚੋਣ ਹੋਣ ਤੇ ਕੋਰਸ ਕਰਨ ਤੋਂ ਬਾਅਦ ਸਰਕਾਰੀ ਸੇਵਾ ਕਰਨ ਲਈ ਹੇਠ ਲਿਖੇ ਅਨੁਸਾਰ ਬਾਂਡ ਭਰਨਾ ਪਵੇਗਾ:-

| | ਕੋਰਸ ਦਾ ਨਾਂ | ਬਾਂਡ ਮਨੀ | ਸਮਾਂ |
|---|---|---|---|
| 1. | ਪੀ.ਜੀ. ਡਿਪਲੋਮਾ ਕੋਰਸ | 10 ਲੱਖ ਰੁਪਏ | 3 ਸਾਲ |
| 2. | ਪੀ.ਜੀ. ਡਿਗਰੀ ਕੋਰਸ | 15 ਲੱਖ ਰੁਪਏ | 5 ਸਾਲ |

3. ਉਹ ਮੈਡੀਕਲ ਅਫਸਰ, ਜਿਨ੍ਹਾਂ ਵਿਰੁੱਧ ਵਿਭਾਗੀ/ਪੜਤਾਲ ਆਦਿ ਲੰਬਿਤ ਨਹੀ ਹੈ, ਪਰ ਉਨ੍ਹਾਂ ਦਾ ਪਰਖ ਕਾਲ ਸਮਾਂ ਪਾਰ ਨਹੀ ਹੈ ਉਹ ਮੈਡੀਕਲ ਅਫਸਰ 40% ਕੋਟੇ ਲਈ ਯੋਗਤਾ ਰੱਖਦੇ ਹਨ ਪਰ ਉਨ੍ਹਾਂ ਮੈਡੀਕਲ ਅਫਸਰਾਂ ਦਾ ਕੋਰਸ ਦਾ ਸਮਾਂ ਡਾਇਜ ਨਾਨ ਹੋਵੇਗਾ। ਇਨ੍ਹਾਂ ਮੈਡੀਕਲ ਅਫਸਰ ਦੀ ਚੋਣ ਹੋਣ ਤੇ ਕੋਰਸ ਕਰਨ ਤੋਂ ਬਾਅਦ ਸਰਕਾਰੀ ਸੇਵਾ ਕਰਨ ਲਈ ਹੇਠ ਲਿਖੇ ਅਨੁਸਾਰ ਬਾਂਡ ਭਰਨਾ ਪਵੇਗਾ:-

| | ਕੋਰਸ ਦਾ ਨਾਂ | ਬਾਂਡ ਮਨੀ | ਸਮਾਂ |
|---|---|---|---|
| 1. | ਪੀ.ਜੀ. ਡਿਪਲੋਮਾ ਕੋਰਸ | 10 ਲੱਖ ਰੁਪਏ | 3 ਸਾਲ |
| 2. | ਪੀ.ਜੀ. ਡਿਗਰੀ ਕੋਰਸ | 15 ਲੱਖ ਰੁਪਏ | 5 ਸਾਲ |

ਨੋਟ :- 60% ਕੋਟੇ ਵਿਚ ਐਨ.ਓ.ਸੀ. ਲੈਣ ਲਈ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ ਪਾਸੋਂ ਇਹ ਤਸਦੀਕ ਹੋਣਾ ਚਾਹੀਦਾ ਹੈ ਕਿ ਡਾਕਟਰ ਵਲੋਂ ਕਿਹੜੇ-ਕਿਹੜੇ ਸਟੇਸ਼ਨ ਤੇ ਕਿੰਨੇ ਸਮੇਂ ਲਈ ਸੇਵਾ ਕੀਤੀ ਗਈ ਹੈ ਅਤੇ ਇਹ ਸਟੇਸ਼ਨ ਕਿਹੜੀ ਕੈਟਾਗਰੀ (ਏ.ਬੀ.ਸੀ.ਜਾਂ ਡੀ) ਵਿਚ ਗਿਣਿਆ ਜਾਂਦਾ ਹੈ।

ਮਿਤੀ, ਚੰਡੀਗੜ੍ਹ;
22.5.2013

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਿਹਤ ਤੇ ਪਰਿਵਾਰ ਭਲਾਈ ਵਿਭਾਗ।

ਪਿੱਠ ਅੰ:ਨੰ: 26/12/94-5ਸਿ2/435-37 ਮਿਤੀ, ਚੰਡੀਗੜ੍ਹ; 22/5/13

ਇਸ ਅਧੀਸੂਚਨਾਂ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਕਿਹਾ ਜਾਂਦਾ ਹੈ ਕਿ ਉਹ ਮੈਡੀਕਲ ਅਸਫਰਾਂ ਸਬੰਧੀ ਪੀ.ਜੀ. ਕੋਰਸ ਲਈ ਐਨ.ਓ.ਸੀ. ਦੇਣ ਬਾਰੇ ਮੁਕੰਮਲ ਸਰਕਾਰ ਨੂੰ ਭੇਜਣ।
2. ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।
3. ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ, ਫਰੀਦਕੋਟ।

(ਮਨਮੋਹਨ ਸਿੰਘ)
ਅਧੀਨ ਸਕੱਤਰ ਸਿਹਤ